# ਕੋਵੀਡ -19 ਵੈਕਸੀਨ ਬਾਰੇ ਤੁਹਾਡੇ ਸਵਾਲਾਂ ਦੇ ਜਵਾਬ

ਮਈ 25, 2021

ਕੈਨੇਡਾ ਵਿਚ ਚਾਰ ਕੋਵਿਡ -19 ਵੈਕਸੀਨਾਂ ਨੂੰ ਮਨਜ਼ੂਰੀ ਦਿੱਤੀ ਗਈ ਹੈ ਅਤੇ ਦੁਨੀਆ ਭਰ ਵਿਚ ਲੱਖਾਂ ਲੋਕਾਂ ਨੇ ਇਹ ਟੀਕੇ ਲਗਵਾਏ ਹਨ। ਮੌਜੂਦਾ ਬੁਲੇਟਿਨ ਵੈਕਸੀਨ ਬਾਰੇ ਸਾਡੀਆਂ ਚਿੰਤਾਵਾਂ ਅਤੇ ਪ੍ਰਸ਼ਨਾਂ ਨੂੰ ਸੰਬੋਧਿਤ ਕਰਦਾ ਹੈ ਤਾਂ ਜੋ ਤੁਸੀਂ ਜਾਣ ਸਕੋ ਕਿ ਕੋਵਿਡ-19 ਟੀਕੇ ਦੇ ਰੂਪ ਵਿੱਚ ਕੀ ਲਗਾਇਆ ਜਾ ਰਿਹਾ ਹੈ । ਇਸ ਬੁਲੇਟਿਨ ਵਿਚ ਦਿੱਤੀ ਜਾਣਕਾਰੀ ਦੀ ਤਸਦੀਕ ਡਾਕਟਰਾਂ ਅਤੇ ਖੋਜਕਰਤਾਵਾਂ ਦੁਆਰਾ ਕੀਤੀ ਗਈ ਹੈ।



## ਕੀ ਮੈਨੂੰ ਟੀਕਾ ਲਗਾਇਆ ਜਾ ਸਕਦਾ ਹੈ ਜੇ ਮੈਨੂੰ ਐਲਰਜੀ ਹੈ?

ਹਾਂ, ਕਿਸੇ ਤਰ੍ਹਾਂ ਦੀ ਭੋਜਨ, ਦਵਾਈ ਜਾਂ ਹੋਰ ਪਦਾਰਥਾਂ ਪ੍ਰਤੀ ਐਲਰਜੀ ਹੋਣ ਦੇ ਬਾਵਜੂਦ ਵੀ ਤੁਸੀਂ ਟੀਕਾ ਲਗਵਾ ਸਕਦੇ ਹੋ । ਟੀਕਾਕਰਣ ਦੇ 30 ਮਿੰਟ ਬਾਅਦ ਤੱਕ ਟੀਕਾਕਰਨ ਕੇਂਦਰ ਵਿੱਚ ਹੀ ਬੈਠੋ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਸੀਂ ਠੀਕ ਮਹਿਸੂਸ ਕਰ ਰਹੇ ਹੋ। ਮੈਡੀਕਲ ਸਟਾਫ ਹਮੇਸ਼ਾਂ ਹੀ ਸਾਈਟ 'ਤੇ ਉਪਲਬਧ ਹੁੰਦਾ ਹੈ ਤਾਂ ਕਿ ਜਰ ਤਰ੍ਹਾ ਦੀ ਸਥਿਤੀ ਵਿਚ ਤੁਹਾਡਾ ਇਲਾਜ ਕੀਤਾ ਜਾ ਸਕੇ। ਜੇ ਤੁਹਾਨੂੰ ਕੋਵਿਡ-19 ਟੀਕੇ ਦੇ ਕਿਸੇ ਇਕ ਤੱਤ ਤੋਂ ਗੰਭੀਰ ਐਲਰਜੀ ਹੋ ਗਈ ਹੈ (ਜਿਵੇਂ ਪੋਲੀਥੀਲੀਨ ਗਲਾਈਕੋਲ [PEG] ਜਾਂ ਪੋਲੀਸੋਰਬੇਟ) ਜਾਂ ਕੋਵਿਡ-19 ਟੀਕੇ ਦੀ ਪਹਿਲੀ ਖੁਰਾਕ ਲਈ, ਤੁਹਾਨੂੰ ਆਪਣੇ ਸਿਹਤ ਦੇਖਭਾਲ ਪ੍ਰਦਾਤਾ ਨਾਲ ਇਸ ਬਾਰੇ ਗੱਲ ਕਰਨੀ ਚਾਹੀਦੀ ਹੈ ਕਿ ਟੀਕੇ ਨੂੰ ਸੁਰੱਖਿਅਤ ਢੰਗ ਨਾਲ ਕਿਵੇਂ ਲਗਵਾਇਆ ਜਾਵੇ। ਕਿਰਪਾ ਕਰਕੇ ਨੋਟ ਕਰੋ ਕਿ ਇਹ ਖਾਸ ਐਲਰਜੀ ਬਹੁਤ ਘੱਟ ਹੁੰਦੀ ਹੈ।



## ਜੇ ਮੇਰੀ ਸਿਹਤ ਠੀਕ ਨਹੀਂ ਹੈ ਤਾਂ ਕੀ ਮੈਂ ਟੀਕਾ ਲੈ ਸਕਦਾ ਹਾਂ?

ਜੇ ਤੁਹਾਨੂੰ ਸ਼ੂਗਰ, ਹਾਈ ਬਲੱਡ ਪ੍ਰੈਸ਼ਰ, ਦਿਲ ਦੀ ਬਿਮਾਰੀ, ਦਮਾ, ਜਾਂ ਅਨੀਮੀਆ ਹੈ ਤਾਂ ਤੁਸੀਂ ਸੁਰੱਖਿਅਤ ਢੰਗ ਨਾਲ ਟੀਕਾ ਪ੍ਰਾਪਤ ਕਰ ਸਕਦੇ ਹੋ।

ਜੇ ਜੇਕਰ ਤੁਹਾਨੂੰ ਕੋਈ ਖਾਸ ਕਿਸਮ ਦੀ ਬਿਮਾਰੀ ਹੈ ਜਾਂ ਤੁਸੀਂ ਕੋਈ ਦਵਾਈ ਲੈ ਰਹੇ ਹੋ ਜੋ ਤੁਹਾਡੀ ਇਮਿਊਨ ਸਿਸਟਮ ਨੂੰ ਕਮਜ਼ੋਰ ਕਰ ਕਰਦੀ ਹੈ (ਇਮਿਊਨੋ ਸਪਰੈਸਿਵ ਬਿਮਾਰੀ ਜਾਂ ਇਮਿਊਨੋ ਸਪਰੈਸੈਂਟ ਦਵਾਈ, ਜਿਵੇਂ ਕਿ ਕੀਮੋਥੈਰੇਪੀ ਜਾਂ ਸਟੀਰੌਇਡ ਗੋਲੀਆਂ ਦੀ ਵਧੇਰੇ ਮਾਤਰਾ ਆਦਿ) ਜਾਂ ਕੋਈ ਆਟੋਇਮਊਨ ਬਿਮਾਰੀ, ਤਾਂ ਤੁਹਾਨੂੰ ਟੀਕਾ ਲਗਵਾਉਣ ਦਾ ਫੈਸਲਾ ਲੈਣ ਤੋਂ ਪਹਿਲਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰਨੀ ਚਾਹੀਦੀ ਹੈ ਤਾਂ ਜੋ ਇਹ ਫੈਸਲਾ ਲਿਆ ਜਾ ਸਕੇ ਕਿ ਤੁਹਾਨੂੰ ਵੈਕਸੀਨ ਕਦੋਂ ਲਗਵਾਉਣੀ ਚਾਹੀਦੀ ਹੈ।



## ਕੀ ਮੈਨੂੰ ਵੈਕਸੀਨ ਲਗਵਾਉਣ ਲਈ ਇੰਤਜ਼ਾਰ ਕਰਨਾ ਚਾਹੀਦਾ ਹੈ ਜਦੋਂ ਤੱਕ ਜ਼ਿਆਦਾਤਰ ਲੋਕਾਂ ਨੂੰ ਟੀਕਾ ਪ੍ਰਾਪਤ ਨਹੀਂ ਹੁੰਦਾ?

ਨਹੀਂ, ਜਿੰਨੀ ਜਲਦੀ ਹੋ ਸਕੇ ਅਤੇ ਜਦੋਂ ਵੀ ਤੁਹਾਡੀ ਵਾਰੀ ਹੈ ਟੀਕਾ ਲਓ। ਇਹ ਤੁਹਾਨੂੰ ਕੋਵੀਡ -19 ਤੋਂ ਬਿਮਾਰ ਹੋਣ ਜਾਂ ਮਰਨ ਤੋਂ ਬਚਾਏਗਾ। 25 ਮਈ ਤੱਕ, ਵਿਸ਼ਵ ਭਰ ਦੇ ਲੋਕਾਂ ਨੂੰ ਕੋਵਡ -19 ਟੀਕੇ ਦੀਆਂ 1 ਬਿਲੀਅਨ ਤੋਂ ਵੱਧ ਖੁਰਾਕਾਂ ਦਿੱਤੀਆਂ ਜਾ ਚੁੱਕੀਆਂ ਹਨ। ਮਹਾਂਮਾਰੀ ਨੂੰ ਖਤਮ ਕਰਨ ਲਈ, ਬਹੁਤੇ ਲੋਕਾਂ ਨੂੰ ਟੀਕਾ ਪ੍ਰਾਪਤ ਕਰਨ ਦੀ ਜ਼ਰੂਰਤ ਹੈ; ਜਿੰਨੀ ਜਲਦੀ ਹਰੇਕ ਨੂੰ ਟੀਕਾ ਲਗਾਇਆ ਜਾਂਦਾ ਹੈ, ਸਾਡੇ ਭਾਈਚਾਰੇ ਵਧੇਰੇ ਸੁਰੱਖਿਅਤ ਹੋਣਗੇ।





## ਟੀਕਾ ਕਿੰਨੇ ਸਮੇਂ ਲਈ ਮੇਰੀ ਰੱਖਿਆ ਕਰਦਾ ਹੈ?

ਖੋਜਕਰਤਾ ਅਜੇ ਵੀ ਇਹ ਨਿਰਧਾਰਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਕਿ ਟੀਕੇ ਕਿੰਨੇ ਸਮੇਂ ਲਈ ਸੁਰੱਖਿਆ ਪ੍ਰਦਾਨ ਕਰਦੇ ਹਨ। ਕੋਵਿਡ-19 ਵਾਇਰਸ ਤੋਂ ਨਿਰੰਤਰ ਰੱਖਿਆ ਲਈ ਤੁਹਾਨੂੰ ਭਵਿੱਖ ਵਿੱਚ ਬੂਸਟਰ ਸ਼ਾਟਸ ਪ੍ਰਾਪਤ ਕਰਨ ਦੀ ਲੋੜ ਪੈ ਸਕਦੀ ਹੈ।

ਕੋਵਿਡ-19 ਦੇ ਵੈਕਸੀਨ ਇੱਕ ਜਾਂ ਦੋ ਖੁਰਾਕਾਂ ਵਿੱਚ ਲਗਾਏ ਜਾਂਦੇ ਹਨ ਅਤੇ ਇਹ ਵੈਕਸੀਨ ਦੀ ਕਿਸਮ 'ਤੇ ਨਿਰਭਰ ਕਰਦਾ ਹੈ । ਜੇ ਤੁਹਾਨੂੰ ਪ੍ਰਾਪਤ ਟੀਕਾ ਦੋ ਖੁਰਾਕਾਂ ਵਿੱਚ ਲਗਾਇਆ ਜਾਣਾ ਹੈ, ਤਾਂ ਤੁਹਾਨੂੰ ਬਾਅਦ ਵਿੱਚ ਦੂਜੀ ਖੁਰਾਕ ਲਈ ਵਾਪਸ ਆਉਣ ਲਈ ਕਿਹਾ ਜਾਵੇਗਾ। ਤੁਹਾਨੂੰ ਟੀਕੇ ਦੀ ਪਹਿਲੀ ਅਤੇ ਦੂਜੀ ਖੁਰਾਕ ਲੈਣੀ ਲਾਜ਼ਮੀ ਹੈ ਤਾਂ ਕਿ ਤੁਹਾਨੂੰ ਗੰਭੀਰ ਕੋਵਿਡ-19 ਬਿਮਾਰੀ ਜਾਂ ਮੌਤ ਤੋਂ ਪੂਰੀ ਤਰ੍ਹਾਂ ਬਚਾਇਆ ਜਾ ਸਕੇ।

ਯਾਦ ਰੱਖੋ: ਤੁਹਾਨੂੰ ਟੀਕੇ ਲਾਏ ਜਾਣ ਦੇ ਬਾਵਜੂਦ, ਸਾਰੇ ਕੋਵਿਡ-19 ਸੁਰੱਖਿਆ ਉਪਾਵਾਂ ਜਿਵੇਂ ਕਿ ਇੱਕ ਮਾਸਕ ਪਹਿਨਣਾ, ਦੂਜਿਆਂ ਤੋਂ ਦੂਰੀ ਬਣਾਉਣਾ ਅਤੇ ਆਪਣੇ ਹੱਥ ਧੋਣਾ ਜਾਰੀ ਰੱਖਣਾ ਚਾਹੀਦਾ ਹੈ।

ਟੀਕੇ ਕੋਵਿਡ-19 ਨਾਲ ਬਿਮਾਰ ਹੋਣ ਤੋਂ ਤੁਹਾਡੀ ਅਤੇ ਤੁਹਾਡੇ ਪਿਆਰਿਆਂ ਦੀ ਰੱਖਿਆ ਕਰਦੇ ਹਨ । ਜਿੰਨੇ ਲੋਕ ਟੀਕਾ ਪ੍ਰਾਪਤ ਕਰਦੇ ਹਨ, ਹਰ ਕੋਈ ਵਧੇਰੇ ਸੁਰੱਖਿਅਤ ਹੁੰਦਾ ਹੈ!



**ਅਸੀਂ ਆਸ ਕਰਦੇ ਹਾਂ ਕਿ ਤੁਹਾਨੂੰ ਇਹ ਬੁਲੇਟਿਨ ਲਾਭਦਾਇਕ ਲੱਗੇਗਾ! ਅਸੀਂ ਤੁਹਾਨੂੰ ਇਸ ਨੂੰ ਵਿਆਪਕ ਤੌਰ ਤੇ ਸਾਂਝਾ ਕਰਨ ਲਈ ਸੱਦਾ ਦਿੰਦੇ ਹਾਂ, ਇਸ ਨੂੰ ਸਕ੍ਰਿਪਟ ਦੇ ਤੌਰ ਤੇ ਆਡੀਓ ਜਾਂ ਵਿਡੀਓ ਫਾਈਲ ਨੂੰ ਰਿਕਾਰਡ ਕਰਨ ਲਈ ਇਸਤੇਮਾਲ ਕਰੋ, ਜਾਂ ਦੂਜਿਆਂ ਨਾਲ ਸਾਂਝਾ ਕਰਨ ਲਈ ਇਸ ਨੂੰ ਹੋਰ ਭਾਸ਼ਾਵਾਂ ਵਿੱਚ ਅਨੁਵਾਦ ਕਰੋ।**

**ਕਿਰਪਾ ਕਰਕੇ ਸਰੋਤ ਦੇਣਾ ਨਿਸ਼ਚਤ ਕਰੋ: ਵੂਮੈਨਜ਼ ਕਾਲਜ ਹਸਪਤਾਲ, ਓਕਾਸੀ (OCASI), ਟਾਇਬੂ ਕਮਿਊਨਿਟੀ ਹੈਲਥ ਸੈਂਟਰ ਅਤੇ ਰਫਿਊਜੀ 613।**

*25 ਮਈ, 2021 ਤੱਕ ਸਟੀਕ*

**ਇਸ ਬੁਲੇਟਿਨ ਵਿਚ ਦਿੱਤੀ ਜਾਣਕਾਰੀ ਨੂੰ ਕੈਨੇਡੀਅਨ ਡਾਕਟਰਾਂ ਦੁਆਰਾ ਪ੍ਰਮਾਣਿਤ ਕੀਤਾ ਗਿਆ ਹੈ: ਮੇਬ ਰਾਸ਼ਿਦ ਐਮ.ਡੀ., ਸਹਾਇਕ ਪ੍ਰੋਫੈਸਰ, ਯੂਨੀਵਰਸਿਟੀ ਆਫ ਟੋਰਾਂਟੋ; ਵੈਨੇਸਾ ਰੈਡਿਟ, ਐਮਡੀ, ਲੈਕਚਰਾਰ, ਯੂਨੀਵਰਸਿਟੀ ਆਫ ਟੋਰਾਂਟੋ; ਅਤੇ ਆਈਜ਼ੈਕ ਆਈ. ਬੋਗੋਚ, ਐਮਡੀ, ਐਸੋਸੀਏਟ ਪ੍ਰੋਫੈਸਰ, ਯੂਨੀਵਰਸਿਟੀ ਆਫ ਟੋਰਾਂਟੋ**


{REFUGEE}613 — TAIBU COMMUNITY HEALTH CENTRE — OCASI Ontario Council of Agencies Serving Immigrants — WCH WOMEN'S COLLEGE HOSPITAL Healthcare | REVOLUTIONIZED

Funded by: Immigration, Refugees and Citizenship Canada

Financé par : Immigration, Réfugiés et Citoyenneté Canada

With contributions from: pchs Serving Diverse Communities; Occupational Health Clinics for Ontario Workers Inc.; MCIS Language Solutions